ਤੁਰੰਤ ਰਿਲੀਜ ਲਈ

# ਟ੍ਰੈਕ ਤੇ ਹੁਰੋਨਟੈਰੀਓ ਲਾਈਟ ਰੇਲ ਟ੍ਰਾਂਜ਼ਿਟ ਦੀ ਉਸਾਰੀ 2020 ਵਿੱਚ ਸ਼ੁਰੂ ਹੋਵੇਗੀ

ਬ੍ਰੈਂਪਟਨ, ਓਨਟੈਰੀਓ (22 ਅਕਤੂਬਰ, 2019) – ਸਿਟੀ ਆਫ ਬ੍ਰੈਂਪਟਨ ਇੰਫਰਾਸਟ੍ਰਕਚਰ ਓਨਟੈਰੀਓ ਐਂਡ ਮੈਟਰੋਲਿੰਕਸ ਵੱਲੋਂ ਰੋਮਾਂਚਕ ਘੋਸ਼ਣਾ) exciting announcement by Infrastructure Ontario and Metrolinx ਦਾ ਸੁਆਗਤ ਕਰਦੀ ਹੈ ਕਿ ਮੋਬੀਲਿੰਕਸ (Mobilinx) ਨੇ ਅਧਿਕਾਰਕ ਤੌਰ ਤੇ ਹੁਰੋਨਟੈਰੀਓ ਲਾਈਟ ਰੇਲ ਟ੍ਰਾਂਜ਼ਿਟ (ਐਲ.ਆਰ.ਟੀ.) (Hurontario Light Rail Transit) (LRT) ਪ੍ਰੋਜੈਕਟ ਦੇ ਡਿਜ਼ਾਈਨ, ਨਿਰਮਾਣ, ਵਿੱਤ, ਸੰਚਾਲਨ ਅਤੇ ਪ੍ਰਬੰਧ ਕਰਨ ਲਈ ਕਾਂਟਰੈਕਟ ਤੇ ਦਸਤਖ਼ਤ ਕੀਤੇ ਹਨ।

ਮੁੱਖ ਉਸਾਰੀ ਦੀ ਸ਼ੁਰੂਆਤ 2020 ਦੇ ਸ਼ੁਰੂ ਵਿੱਚ ਹੋਣ ਦੀ ਆਸ ਹੈ, ਜੋ ਪਤਝੜ 2024 ਵਿੱਚ ਪੂਰੀ ਹੋਵੇਗੀ। ਇਸ ਵੇਲੇ ਹੁਰੋਨਟੈਰੀਓ/ਸਟੀਲਸ (Hurontario/Steeles) ਲਾਂਘੇ ਦੇ ਉੱਤਰ ਵਾਲੇ ਪਾਸੇ ਬ੍ਰੈਂਪਟਨ ਗੇਟਵੇ ਐਲ.ਆਰ.ਟੀ. (Brampton Gateway LRT) ਦੇ ਪੁਨਰ ਸਥਾਪਨ ਦੇ ਸਬੰਧ ਵਿੱਚ ਸਿਟੀ ਦੇ ਸਟਾਫ਼ ਦੀ ਮੈਟਰੋਲਿੰਕਸ (Metrolinx) ਦੇ ਨਾਲ ਗੱਲਬਾਤ ਚੱਲ ਰਹੀ ਹੈ। ਉਹਨਾਂ ਚਰਚਾਵਾਂ ਦੇ ਬਾਅਦ ਕਾਉਂਸਿਲ ਨੂੰ ਰਿਪੋਰਟ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।

ਸਿਟੀ ਆਫ ਬ੍ਰੈਂਪਟਨ, ਹੁਰੋਨਟੈਰੀਓ ਐਲ.ਆਰ.ਟੀ. (Hurontario LRT) ਨੂੰ ਪੋਰਟ ਕ੍ਰੈਡਿਟ ਗੋ (Port Credit GO) ਤੋਂ ਬ੍ਰੈਂਪਟਨ ਗੇਟਵੇ ਟਰਮੀਨਲ (Brampton Gateway Terminal) ਤੱਕ ਲਾਗੂਕਰਣ ਤੇ ਮੈਟਰੋਲਿੰਕਸ ਅਤੇ ਸਿਟੀ ਆਫ ਮਿਸੀਸਾਗਾ (City of Mississauga) ਦੇ ਨਾਲ ਕੰਮ ਕਰ ਰਹੀ ਹੈ। ਹੁਰੋਨਟੈਰੀਓ ਐਲ.ਆਰ.ਟੀ. ਖੇਤਰੀ ਟ੍ਰਾਂਸਪੋਰਟੇਸ਼ਨ ਨੈੱਟਵਰਕ ਦਾ ਮੁੱਖ ਅੰਗ ਹੋਵੇਗਾ। ਇਹ ਬ੍ਰੈਂਪਟਨ ਅਤੇ ਗ੍ਰੇਟਰ ਟੋਰੋਂਟੋ ਅਤੇ ਹੈਮਿਲਟਨ ਏਰੀਆ (Greater Toronto and Hamilton Area) ਦੇ ਨਿਵਾਸੀਆਂ ਅਤੇ ਕਾਰੋਬਾਰੀਆਂ ਨੂੰ ਤੇਜ਼, ਭਰੋਸੇਮੰਦ, ਸਹੂਲਤ ਭਰਿਆ ਅਤੇ ਏਕੀਕ੍ਰਿਤ ਟ੍ਰਾਂਜ਼ਿਟ ਮੁਹੱਈਆ ਕਰੇਗਾ।

ਹੁਰੋਨਟੈਰੀਓ ਐਲ.ਆਰ.ਟੀ. ਪ੍ਰੋਜੈਕਟ, ਟ੍ਰਾਂਸਪੋਰਟੇਸ਼ਨ ਦੇ ਸਾਰੇ ਰੂਪਾਂ ਨੂੰ ਸਮਾਨ ਰੂਪ ਦੇ ਕੇ, 2018-2022 ਦੀਆਂ ਟਰਮ ਆਫ ਕਾਉਂਸਿਲ ਪ੍ਰਾਇਰਟੀਜ (2018-2022 Term of Council Priorities) ਦੇ ਮੁਤਾਬਕ, ਬ੍ਰੈਂਪਟਨ ਨੂੰ ਹਰਿਆ-ਭਰਿਆ ਸ਼ਹਿਰ (Brampton a Green City) ਬਣਾਉਣ ਵਿੱਚ ਮਦਦ ਕਰਦਾ ਹੈ।

ਹੋਰ ਜਾਣਕਾਰੀ ਲਈ, ਕਿਰਪਾ ਕਰਕੇ www.metrolinx.com/hurontarioLRT ਤੇ ਜਾਓ।

**ਹਵਾਲਾ**

"ਬਿਹਤਰ ਟ੍ਰਾਂਜ਼ਿਟ, ਸੇਵਾਵਾਂ ਅਤੇ ਨੌਕਰੀਆਂ ਤੱਕ ਪਹੁੰਚਯੋਗਤਾ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ, ਟ੍ਰੈਫਿਕ ਸਬੰਧੀ ਸਥਿਤੀਆਂ ਅਤੇ ਗ੍ਰੀਨਹਾਊਸ ਗੈਸ ਦੀਆਂ ਨਿਕਾਸੀਆਂ ਨੂੰ ਘਟਾਉਂਦਾ ਹੈ, ਅਤੇ ਸਾਡੇ ਭਾਈਚਾਰੇ ਦੀ ਸਮੁੱਚੀ ਸਿਹਤ ਵਿੱਚ ਸੁਧਾਰ ਕਰਦਾ ਹੈ। ਇਹ ਇੱਕ ਰੋਮਾਂਚਕ ਅਤੇ ਮਹੱਤਵਪੂਰਨ ਘੋਸ਼ਣਾ ਹੈ। ਸਾਨੂੰ ਪਤਾ ਹੈ ਕਿ ਐਲ.ਆਰ.ਟੀ. ਭਵਿੱਖ ਦੀਆਂ ਖੇਤਰੀ ਮੰਗਾਂ ਨੂੰ ਪੂਰਾ ਕਰਨ ਲਈ ਮਹੱਤਵਪੂਰਨ ਹੈ। ਅਸੀਂ ਹੋਰ ਵਿਕਾਸ ਦੀ ਆਸ ਕਰਦੇ ਹਾਂ, ਜਿਸ ਵਿੱਚ ਸ਼ਾਮਲ ਹੈ, ਐਲ.ਆਰ.ਟੀ ਵਾਧੇ ਲਈ ਸੁਰੰਗ ਦੇ ਵਿਕਲਪ ਤੇ ਚਰਚਾ ਕਰਨਾ। ਇਹ ਸੁਰੰਗ ਡਾਉਨਟਾਉਨ ਬ੍ਰੈਂਪਟਨ ਤੱਕ ਜਾਏਗੀ।"

- *ਮੇਅਰ ਪੈਟਰਿਕ ਬ੍ਰਾਊਨ (Mayor Patrick Brown)*

# media release

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।


**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca